# ਕਹਾਂ ਕਾਤਲ ਬਦਲਤੇ ਹੈਂ ਫ਼ਕਤ ਚੇਹਰੇ ਬਦਲਤੇ ਹੈਂ

ਗੱਦੀ ਨਸ਼ੀਨ ਹੁੰਦੇ ਸਾਰ ਨਵੇਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਵਿਚ ਆਖਿਆ ਕਿ ਆਰਥਕ ਸੁਧਾਰ ਜਾਰੀ ਰਹਿਣਗੇ ਪਰ ਮਨੁੱਖੀ ਚੇਹਰੇ ਨਾਲ। ਉਨ੍ਹਾਂ ਕਿਹਾ ਕਿ ਸਰਕਾਰ ਵਿਕਾਸ, ਗਰੀਬੀ ਹਟਾਉਣ, ਰੋਜ਼ਗਾਰ ਵਧਾਉਣ ਤੇ ਜ਼ੋਰ ਦੇਵੇਗੀ। ਉਹਨੇ ਇਹ ਵੀ ਕਿਹਾ ਕਿ ਨਿਜੀ ਕਰਨ ਸਰਕਾਰ ਦੀ ਸੋਚ ਨਹੀਂ ਹੈ ਅਤੇ ਓ.ਐਨ.ਜੀ.ਸੀ ਅਤੇ ਗੈਸ ਅਥਾਰਟੀ ਆਫ ਇੰਡੀਆ ਲਿਮਟਿਡ ਨੂੰ ਸਰਕਾਰ ਦੇ ਹੱਥਾਂ ਵਿਚ ਹੀ ਰਖਿਆ ਜਾਵੇਗਾ ਅਤੇ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਦੇ ਹਿਤਾਂ ਵਲ ਭੀ ਸਰਕਾਰ ਤਵੱਜੋ ਦੇਵੇਗੀ ਉਨ੍ਹਾਂ ਦੀ ਹਿਫ਼ਾਜ਼ਤ ਕਰੇਗੀ। ਮਨਮੋਹਨ ਸਿੰਘ ਨੇ ਕਿਹਾ ਕਿ ਉਹ ਕੋਈ ਐਸਾ ਕਦਮ ਨਹੀਂ ਉਠਾਉਣਗੇ ਜਿਸ ਨਾਲ ਵੱਡੀ ਗਿਣਤੀ ਵਿਚ ਮਜ਼ਦੂਰ ਆਪਣਾ ਰੋਜ਼ਗਾਰ ਗੁਆ ਬੈਠਣ। ਉਨ੍ਹਾਂ ਇਹ ਭੀ ਦਸਿਆ ਕਿ ਦੋ ਚਾਰ ਦਿਨਾਂ ਵਿਚ ਹੋਰ ਪਾਰਟੀਆਂ ਨਾਲ ਗੱਲ ਬਾਤ ਕਰਨ ਦੇ ਬਾਦ ਉਨ੍ਹਾਂ ਦੇ ਗੱਠਜੋੜ ਦਾ ਇਕ ਸਾਂਝਾਂ ਪ੍ਰੋਗਰਾਮ ਵੀ ਸਾਹਮਣੇ ਆ ਜਾਵੇਗਾ। ਆਰਥਕ ਸੁਧਾਰਾਂ ਦੇ ਮਨੁੱਖੀ ਚੇਹਰੇ ਬਾਰੇ ਅੱਗੇ ਗੱਲ ਕਰਦੇ ਹੋਏ ਮਨਮੋਹਨ ਸਿੰਘ ਹੋਰਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਜੀਵ ਗਾਂਧੀ ਦੇ ਸੁਫਨੇ ਨੂੰ ਸਾਕਾਰ ਕਰਕੇ ਹਿੰਦੁਸਤਾਨ ਨੂੰ ਇਕ ਤਾਕਤਵਰ ਦੇਸ਼ ਬਣਾ ਕੇ ਇੱਕੀਵੀਂ ਸਦੀ ਨੂੰ ਹਿੰਦੁਸਤਾਨ ਦੀ ਸਦੀ ਬਣਾਉਣ ਤੇ ਜ਼ੋਰ ਲਾਏਗੀ। ਉਨ੍ਹਾਂ ਕਿਹਾ ਕਿ ਆਰਥਕ ਸੁਧਾਰਾਂ ਦਾ ਮੰਤਵ ਸਭ ਨੂੰ ਤਾਲੀਮ ਅਤੇ ਸਿਹਤ ਮੁਹੱਈਆ ਕਰਨਾ, ਸਾਫ ਸੁਥਰਾ ਵਾਤਾਵਰਣ, ਕਰੋੜਾਂ ਨੂੰ ਮਕਾਨ ਦੇਣਾ ਅਤੇ ਖੇਤੀ ਦੀ ਪੈਦਾਵਾਰ ਨੂੰ ਵਧਾਉਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡੀ ਸਰਕਾਰ ਨੇ ਇਹ ਸੁਫਨਾ ਸੱਚ ਕਰਨ ਲਈ 1991-1996 ਵਿਚ ਜ਼ੋਰ ਲਾਇਆ ਸੀ ਅਤੇ ਸਾਨੂੰ ਇਸ ਵਿਚ ਕਾਫੀ ਕਾਮਯਾਬੀ ਹਾਸਿਲ ਹੋਈ ਸੀ। ਪਰ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਇਹ ਕੰਮ ਮੁਕੰਮਲ ਹੋ ਚੁਕਾ ਹੈ। ਅਸੀਂ ਇਸ ਨਿਸ਼ਾਨੇ ਤੋਂ ਅਜੇ ਬਹੁਤ ਦੂਰ ਹਾਂ। ਮਨਮੋਹਨ ਸਿੰਘ ਨੇ ਕਿਹਾ ਕਿ ਇਸ ਸਰਕਾਰ ਨੇ ਗਰੀਬੀ ਅਤੇ ਜਹਾਲਤ ਦੇ ਖ਼ਿਲਾਫ਼ ਲੜਨ ਲਈ ਕਸਮ ਖਾਧੀ ਹੈ। ਉਨ੍ਹਾਂ ਕਿਹਾ ਕਿ ਸਾਂਝਾ ਪ੍ਰੋਗਰਾਮ ਤਰੱਕੀ, ਆਰਥਕ ਪ੍ਰਫੁੱਲਤਾ ਅਤੇ ਪੂੰਜੀ ਲਾਉਣ ਲਈ ਦੋਸਤਾਨਾ ਮਹੌਲ ਦੇ ਆਧਾਰ ਤੇ ਹੋਵੇਗਾ। ਇਸ ਬਾਰੇ ਕਿਸੇ ਨੂੰ ਕੋਈ ਮੁਗਾਲਤਾ ਨਹੀਂ ਰਹਿਣਾ ਚਾਹੀਦਾ। ਦੇਸ਼ਾਂ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਬਾਰੇ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੂੰ ਹਿੰਦੁਸਤਾਨ ਵਿਚ ਆਪਣੀ ਪੂੰਜੀ ਲਾਉਣ ਲਈ ਸੱਦਾ ਦਿੰਦੇ ਹਨ ਜਿਸ ਨਾਲ ਉਹ ਦੇਸ਼ ਦੀ ਅਤੇ ਆਪਣੀ ਦੌਲਤ ਵਧਾ ਸਕਦੇ ਹਨ।

ਮਨਮੋਹਨ ਸਿੰਘ ਦੀਆਂ ਗੱਲਾਂ ਤੋਂ ਇਹ ਸਾਫ ਜ਼ਾਹਿਰ ਹੈ ਕਿ ਅਮੀਰਾਂ ਦੇ ਮੁਨਾਫ਼ੇ ਵਿਚ ਵਾਧਾ ਕਰਨ ਲਈ ਚਾਲੂ ਕੀਤੇ ਗਏ ਆਰਥਕ ਸੁਧਾਰ ਜਾਰੀ ਰਹਿਣਗੇ ਪਰ ਮਨੁੱਖੀ ਚਿਹਰੇ ਦਾ ਰੌਲਾ ਪਾ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਵੀ ਸਰਕਾਰ ਪੂਰਾ ਯਤਨ ਕਰੇਗੀ। ਨਵੀਂ ਸਰਕਾਰ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦੇ ਹਿਤ ਪੂਰੀ ਵਫ਼ਾਦਾਰੀ ਨਾਲ ਪੂਰੇ ਕਰੇਗੀ। ਗਰੀਬੀ ਹਟਾਉਣ ਦੇ ਨਾਅਰੇ ਹੇਠ ਗਰੀਬੀ ਹੋਰ ਵਧਾਏਗੀ। ਵਿਕਾਸ ਦੇ ਨਾਅਰੇ ਹੇਠ ਇਹ ਲੋਕਾਂ ਦੀ ਬਰਬਾਦੀ ਹੋਰ ਵਧਾਏਗੀ। ਸੁਧਾਰਾਂ ਨੂੰ ਮਨੁੱਖੀ ਚੇਹਰਾ ਪਹਿਨਾਉਣ ਦੇ ਨਾਅਰੇ ਹੇਠ ਵਹਿਸ਼ੀ ਨੀਤੀਆਂ ਲੋਕਾਂ ਤੇ ਠੋਸੇਗੀ। ਖੇਤੀ ਵਿਚ ਪੈਦਾਵਾਰ ਵਧਾਉਣ ਦੇ ਨਾਅਰੇ ਹੇਠ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਬਰਬਾਦ ਕਰੇਗੀ। ਜਿਸ ਤਰਾਂ 1947 ਤੋਂ ਚਲਦਾ ਆ ਰਿਹਾ ਹੈ ਉਸ ਤਰਾਂ ਹੀ ਲੋਕਾਂ ਦੇ ਹੱਕਾਂ ਤੇ ਹਮਲੇ ਹੁੰਦੇ ਰਹਿਣਗੇ। ਗ਼ਰੀਬ ਹੋਰ ਗਰੀਬ ਹੁੰਦੇ ਜਾਣਗੇ ਅਤੇ ਅਮੀਰ ਹੋਰ ਅਮੀਰ ਹੋਣਗੇ। ਮਨਮੋਹਨ ਸਿੰਘ ਦੀ ਸਰਕਾਰ ਦਾ ਪੈਗਾਮ ਹੈ ਕੇ ਅਮੀਰਾਂ ਨੂੰ ਵੀ ਕੋਈ ਫ਼ਿਕਰ ਨਹੀਂ ਕਰਨਾ ਚਾਹੀਦਾ ਤੇ ਲੋਕਾਂ ਨੂੰ ਵੀ ਅੱਖਾਂ ਬੰਦ ਕਰਕੇ ਯਕੀਨ ਕਰਨਾ ਚਾਹੀਦਾ ਹੈ ਮਾਨਵੀ ਚਿਹਰੇ ਵਾਲੇ ਆਰਥਕ ਸੁਧਾਰ ਉਨ੍ਹਾਂ ਦੇ ਹਰ ਮਸਲੇ ਦਾ ਦਾਰੂ ਹਨ। ਕੁਝ ਵੱਡੀਆਂ ਸਨਅਤਾਂ ਨੂੰ ਫਿਲਹਾਲ ਹਾਕਮ ਜਮਾਤਾਂ ਦਾ ਇਕ ਧੜਾ ਸਰਕਾਰ ਦੇ ਹੱਥ ਵਿਚ ਰਖ ਕੇ ਆਪਣੇ ਮੁਨਾਫ਼ੇ ਵਧਾਉਣਾ ਅਤੇ ਹੋਰਨਾਂ ਦੇ ਹੱਥਾਂ ਚੋ ਬਾਹਰ ਰਖਣਾ ਚਾਹੁੰਦਾ ਹੈ। ਇਸ ਲਈ ਨਵੇਂ ਪ੍ਰਧਾਨ ਮੰਤਰੀ ਨੇ ਚੋਣਵੇਂ ਨਿਜੀ ਕਰਨ ਦਾ ਨਾਅਰਾ ਲਾਇਆ ਹੈ ਅਤੇ ਓ.ਐਨ.ਜੀ.ਸੀ. ਅਤੇ ਗੈਸ ਅਥਾਰਟੀ ਆਫ ਇੰਡੀਆ ਲਿਮਟਿਡ ਦੇ ਨਿਜੀ ਕਰਨ ਦਾ ਵਿਰੋਧ ਕੀਤਾ ਹੈ।

ਇਹ ਸਭ ਗੱਲਾਂ ਸਾਫ ਕਰਦੀਆਂ ਹਨ ਕਿ ਇਸ ਸਿਆਸੀ ਪ੍ਰਣਾਲੀ ਰਾਹੀਂ ਲੋਕਾਂ ਦੇ ਹਿੱਤ ਪੂਰੇ ਨਹੀਂ ਹੋ ਸਕਦੇ। ਇਸ ਪਾਰਟੀ ਰਾਜ ਦੀ ਵਿਵਸਥਾ ਰਾਹੀਂ ਲੋਕਾਂ ਦੇ ਹਿਤ, ਉਨ੍ਹਾਂ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਨਹੀਂ ਹੋ ਸਕਦੀ। ਚੋਣਾਂ ਵਿਚ ਲੋਕਾਂ ਨੇ ਤਬਦੀਲੀ ਦੀ ਇਛਾ ਜ਼ਾਹਰ ਕੀਤੀ ਸੀ ਪਰ ਨਵੇਂ ਪ੍ਰਧਾਨ ਮੰਤਰੀ ਦੀਆਂ ਗੱਲਾਂ ਤੋਂ ਸਾਫ਼ ਹੈ ਕਿ ਉਨ੍ਹਾਂ ਦੀ ਪਾਰਟੀ ਅਤੇ ਸਰਕਾਰ ਲੋਕ ਪੱਖੀ ਤਬਦੀਲੀ ਦੇ ਦੁਸ਼ਮਣ ਹਨ। ਉਹ ਪਹਿਲਾਂ ਵਾਂਗ ਹੁਣ ਵੀ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਵਿਦੇਸ਼ੀ ਜੋਟੀਦਾਰਾਂ ਦਾ ਪੱਖ ਹੀ ਪੂਰਨਗੇ।

ਕਮਿਉਨਿਸਟਾਂ ਨੂੰ ੬੨ ਦੇ ਕਰੀਬ ਸੀਟਾਂ ਮਿਲੀਆਂ ਹਨ ਅਤੇ ਉਨ੍ਹਾਂ ਇਸ ਸਰਕਾਰ ਦੇ ਬਾਹਰ ਰਹਿ ਕੇ ਹਮਾਇਤ ਦਾ ਐਲਾਨ ਕੀਤਾ ਹੈ। ਕੀ ਉਹ ਇਸ ਸਰਕਾਰ ਤੇ ਦਬਾਅ ਪਾਕੇ ਕੁਝ ਲੋਕ ਪੱਖੀ ਰਿਆਇਤਾਂ ਕਰਵਾ ਸਕਦੇ ਹਨ? ਇਸ ਸੁਆਲ ਦਾ ਜਵਾਬ ਇਸ ਗੱਲ ਤੇ ਨਿਰਭਰ ਹੈ ਕਿ ਨਵੀਂ ਸਰਕਾਰ ਨੂੰ ਉਨ੍ਹਾਂ ਦੀ ਕਿੰਨੀ ਕੁ ਲੋੜ ਹੈ ਅਤੇ ਦੂਸਰਾ ਇਸ ਗੱਲ ਤੇ ਕਿ ਕਮਿਉਨਿਸਟ ਆਗੂ ਲੋਕਾਂ ਦੇ ਹਿਤਾਂ ਉੱਤੇ ਕਿੰਨ੍ਹਾਂ ਕੁ ਪਹਿਰਾ ਦਿੰਦੇ ਹਨ। ਇਸ ਗੱਲ ਵਿਚ ਸ਼ੱਕ ਨਹੀਂ ਕਿ ਕਮਿਉਨਿਸਟਾਂ ਦੀ ਹਮਾਇਤ ਬਗੈਰ ਮਨਮੋਹਨ ਸਿੰਘ ਦੀ ਸਰਕਾਰ ਚੱਲ ਨਹੀਂ ਸਕਦੀ। ਇਸ ਕਰਕੇ ਕਮਿਉਨਿਸਟ ਪਾਰਟੀਆਂ ਦੇ ਮੈਂਬਰਾਂ ਨੂੰ ਇਨ੍ਹਾਂ ਆਗੂਆਂ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਹਾਲਾਤ ਵਿਚ ਕੁਝ ਲੋਕ ਪੱਖੀ ਰਿਆਇਤਾਂ ਲਈ ਸਰਕਾਰ ਨੂੰ ਮਜਬੂਰ ਕਰਨ।

ਲੇਕਿਨ ਇਕ ਗੱਲ ਸਾਫ਼ ਹੈ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਇਕ ਨਵੀਂ ਸਿਆਸੀ ਪ੍ਰਣਾਲੀ ਰਾਹੀਂ ਪਰਜਾ ਰਾਜ ਕਾਇਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਇਸ ਜਾਂ ਉਸ ਪਾਰਟੀ ਵੱਲ ਦੇਖਣ ਦੇ ਬਜਾਏ ਪਾਰਟੀ ਰਾਜ ਦਾ ਬੰਦੋਬਸਤ ਖ਼ਤਮ ਕਰਕੇ ਰਾਜ ਤੰਤ੍ਰ ਆਪਣੇ ਹੱਥ ਵਿਚ ਲੈਣ ਦੀ ਲੋੜ ਹੈ। ਇਸ ਪ੍ਰਣਾਲੀ ਨੂੰ ਖ਼ਤਮ ਕਰਕੇ ਆਪ ਹੀ ਹਾਕਮ ਬਣਨ ਦੀ ਲੋੜ ਹੈ। ਕਮਿਉਨਸਟਾਂ, ਦੇਸ਼ ਭਗਤਾਂ, ਲੋਕ ਪੱਖੀ ਤਬਦੀਲੀ ਚਾਹੁਣ ਵਾਲੀ ਤਮਾਮ ਸ਼ਕਤੀਆਂ ਨੂੰ ਇਕ ਮੁੱਠ ਹੋਕੇ ਪਰਜਾ ਰਾਜ ਲਈ ਘੋਲ ਤੇਜ਼ ਕਰਨ ਦੀ ਲੋੜ ਹੈ।